pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
**Corporate Identity Number: U40109PB2010SGC033814**
ਦਫ:ਉਪ ਮੁੱਖ ਇੰਜੀ:/ ਐਚ ਆਰ ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ।
ਵੈਬਸਾਇਟ : **pstcl.org**
ਫੈਕਸ ਨੰ:- **0175-2220054** ਟੈਲੀਫੋਨ ਨੰ:- **0175-2970693**

ਵੱਲ

1. ਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
2. ਉੱਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਸੀਨੀ:ਕਾ:ਕਾ:ਇੰਜੀ:/ਅਸਟੇਟ ਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 5919/21 Sen./Lineman/28 ਮਿਤੀ: 13/6/24

ਵਿਸ਼ਾ:- **ਪੀ.ਐਸ.ਟੀ.ਸੀ.ਐਲ ਵੱਲੋਂ ਪਦ-ਉਨਤ ਕੀਤੇ ਲਾਈਨਮੈਨ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ।**

ਪੀ.ਐਸ.ਟੀ.ਸੀ.ਐਲ. ਵੱਲੋ ਲਾਈਨਮੈਨ ਕਰਮਚਾਰੀਆਂ ਮਿਤੀ 01.09.2018 ਤੋਂ 30.06.2023 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਇਹ ਟੈਨਟੇਟਿਵ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਲਾਈਨਮੈਨ ਕਰਮਚਾਰੀਆਂ ਦੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਿਸੇ ਕਰਮਚਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।ਇਸ ਤੋਂ ਇਲਾਵਾ ਜੇਕਰ ਕਿਸੇ ਕਰਮਚਾਰੀ ਦੇ ਨਾਮ ਦਾ ਇੰਦਰਾਜ਼ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਜ ਕਰਨ ਤੋਂ ਰਹਿ ਗਿਆ ਹੋਵੇ ਤਾਂ ਇਸ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਇਹ ਟੈਨਟੇਟਿਵ ਸੀਨੀਆਰਤਾ ਸੂਚੀ ਸਾਰੇ ਸਬੰਧਤ ਕਰਮਚਾਰੀਆਂ ਤੋਂ ਨੋਟ ਕਰਵਾ ਲਈ ਜਾਵੇ। ਜੇਕਰ ਕਰਮਚਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਸੀਨੀਆਰਤਾ ਨੰਬਰ ਸਹੀ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਸਬੰਧਤ ਕਰਮਚਾਰੀ ਦਾ ਨਾਮ ਇਸ ਸੀਨੀਆਰਤਾ ਸੂਚੀ ਵਿੱਚ ਦਰਜ ਹੋਣ ਤੋ ਰਹਿ ਗਿਆ ਹੋਵੇ ਜਾਂ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀਬੇਨਤੀ, ਸੂਚੀ ਜਾਰੀ ਹੋਣ ਦੀ ਮਿਤੀ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਨੂੰ ਭੇਜਣ ਦੀ ਖੇਚਲ ਕਰੇ।ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਪ੍ਰਤੀ ਬੇਨਤੀ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਕੋਈ ਵੀ ਤਬਦੀਲੀ ਨਾ ਹੋਣ ਦੀ ਸੂਰਤ ਵਿੱਚ ਇਹ ਸੀਨੀਆਰਤਾ ਸੂਚੀ ਖੁਦ-ਬ-ਖੁਦ ਪੂਰਨ ਅਤੇ ਸਹੀ ਸਮਝੀ ਜਾਵੇਗੀ ।

ਇਥੇ ਇਹ ਵੀ ਵਰਨਣ ਯੋਗ ਹੈ ਕਿ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

(1) ਇਹ ਟੈਨਟੇਟਿਵ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਉਸਦੀ ਇਸ ਸੀਨੀਆਰਤਾ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਨੱਥੀ/ ਲਾਈਨਮੈਨ ਦੀ ਟੈਨਟੇਟਿਵ
ਸੀਨੀਆਰਤਾ ਸੂਚੀ।

13/6/2024

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈਲ,
ਪੀਐਸਟੀਸੀਐਲ,ਪਟਿਆਲਾ

ਲਾਈਨਮੈਨ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ (ਸਮਾਂ ਮਿਤੀ 01.09.2018 ਤੋਂ 30.06.2023 ਤੱਕ)

| ਕ੍ਰਮ ਨੰ: | ਕਰਮਚਾਰੀ/ਪਿਤਾ ਦਾ ਨਾਮ (ਸਰਵ/ਸ਼੍ਰੀ) | ਆਈ. ਡੀ.ਨੰ: | ਸੀਨੀ ਨੰ: | ਜਨਮ ਦੀ ਮਿਤੀ | PSTCL ਵਿੱਚ ਹਾਜ਼ਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਸ਼੍ਰੇਣੀ |
|---|---|---|---|---|---|---|---|
| 1. | ਨਵਤੇਜ ਸਿੰਘ/ ਹਰਮਿੰਦਰ ਸਿੰਘ | 605087 | 120 | 26.12.89 | 14.08.17 | 13.06.23 | ਜਨਰਲ |

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ